ਪਦਾਰਥਾਂ/ਨਸ਼ੀਲੀਆਂ ਦਵਾਈਆਂ ਦੀ ਕੁਵਰਤੋਂ ਬਾਰੇ ਸਿੱਖਿਆ ਨੀਤੀ

ਮੂਲ ਕਾਰਨ

ਅੱਜ ਦੇ ਸਮਾਜ ਵਿੱਚ ਕਈ ਨੌਜਵਾਨ ਲੋਕ ਨਸ਼ੀਲੀਆਂ ਦਵਾਈਆਂ ਅਤੇ ਉਹਨਾਂ ਦੇ ਪ੍ਰਭਾਵਾਂ ਦੇ ਸਬੰਧ ਵਿੱਚ ਆਕਰਸ਼ਕ ਅਤੇ ਝੂਠੇ ਸੁਨੇਹਿਆਂ ਦੇ ਪ੍ਰਭਾਵ ਵਿੱਚ ਆ ਗਏ ਹਨ। ਬੇਅਸਰ ਸਰਕਾਰੀ ਨੀਤੀਆਂ ਦੇ ਨਾਲ ਜੁੜ ਕੇ, ਇਸਦੇ ਸਿੱਟੇ ਵਜੋਂ ਅਕਸਰ ਪ੍ਰਭਾਵ ਹੇਠ ਆਉਣ ਵਾਲੇ ਅਤੇ ਕਮਜ਼ੋਰ ਨੌਜਵਾਨਾਂ ਵੱਲੋਂ ਇਹਨਾਂ ਦੀ ਕੁਵਰਤੋਂ ਅਤੇ ਦੁਰਉਪਯੋਗ ਹੁੰਦਾ ਹੈ। ਜਦਕਿ ਅਸੀਂ ਇਹ ਸਮਝਦੇ ਹਾਂ ਕਿ ਮਾਤਾ-ਪਿਤਾ ਆਪਣੇ ਬੱਚਿਆਂ ਦੇ ਪ੍ਰਮੁੱਖ ਸਿਖਿਅਕ ਹੁੰਦੇ ਹਨ, ਸਾਨੂੰ ਇਹ ਵੀ ਅਹਿਸਾਸ ਹੈ ਕਿ ਸਾਡਾ ਸਕੂਲ ਪਦਾਰਥਾਂ ਦੀ ਕੁਵਰਤੋਂ ਦੇ ਖੇਤਰ ਵਿੱਚ ਮਜਬੂਤ ਮਦਦ ਅਤੇ ਦੇਖਭਾਲ ਮੁਹੱਈਆ ਕਰਨ ਦੀ ਚੰਗੀ ਸਥਿਤੀ ਵਿੱਚ ਹੈ। ਵੈਸੇ ਤਾਂ ਅਸੀਂ ਸਾਰੇ ਵਿਦਿਆਰਥੀਆਂ ਨੂੰ ਅਜਿਹੇ ਨਿੱਜੀ ਅਤੇ ਸਮਾਜਿਕ ਹੁਨਰ ਵਿਕਸਿਤ ਕਰਨ ਲਈ ਪ੍ਰੇਰਿਤ ਕਰਦੇ ਹਾਂ ਜੋ ਉਹਨਾਂ ਨੂੰ ਪਦਾਰਥਾਂ ਦੀ ਕੁਵਰਤੋਂ ਬਾਰੇ ਸੂਚਿਤ ਫੈਸਲੇ ਕਰਨ ਦੇ ਯੋਗ ਬਣਾਉਣਗੇ। ਅਸੀਂ ਮੰਨਦੇ ਹਾਂ ਕਿ ਪਦਾਰਥਾਂ ਦੀ ਸਿਖਿਆ ਵਿੱਚ ਨੌਜਵਾਨਾਂ ਨੂੰ ਸਿੱਖਿਆ ਦੇਣ ਲਈ ਇੱਕ ਦ੍ਰਿੜ੍ਹ ਦ੍ਰਿਸ਼ਟੀਕੋਣ ਸਕੂਲ ਦੇ ਅੰਦਰ ਅਜਿਹੇ ਨੈਤਿਕ ਮੁੱਲਾਂ ਨੂੰ ਪੈਦਾ ਕਰਨਾ ਹੈ ਜੋ ਵਿਅਕਤੀਗਤ ਸ਼ਕਤੀਕਰਨ ਅਤੇ ਸਹਿਣਸ਼ੀਲਤਾ, ਖੁੱਲ੍ਹੇਪਣ, ਈਮਾਨਦਾਰੀ, ਆਪਣੇ ਆਪ ਅਤੇ ਹੋਰਨਾਂ ਲਈ ਆਦਰ ਅਤੇ ਦੇਖਭਾਲ ਕਰਨ ਵਰਗੀਆਂ ਕਦਰਾਂ ਨੂੰ ਪ੍ਰਫੁੱਲਤ ਕਰਦੇ ਹੋਣ।

ਟੀਚੇ

- ਪਦਾਰਥਾਂ ਦੀ ਕੁਵਰਤੋਂ ਪ੍ਰਤੀ ਮੁੱਖ ਦ੍ਰਿਸ਼ਟੀਕੋਣ ਵਜੋਂ ਸੰਜਮ/ਰੋਕਥਾਮ ਕਾਇਮ ਕਰਨਾ।
- ਸਾਰੇ ਪਦਾਰਥਾਂ ਦੀ ਕੁਵਰਤੋਂ ਤੋਂ ਮੁਕਤ ਇੱਕ ਮਾਹੌਲ ਕਾਇਮ ਕਰਨਾ।
- ਸ਼ੱਕੀ ਜਾਂ ਅਸਲ ਪਦਾਰਥਕ ਕੁਵਰਤੋਂ ਵਿੱਚ ਵਰਤੋਂ ਜਾਣੇ ਵਾਲੇ ਮਸੌਦਿਆਂ 'ਤੇ ਰਾਹਨੁਮਾਈ ਮੁਹੱਈਆ ਕਰਨਾ।

ਉਦੇਸ਼

- ਨਸ਼ੀਲੀਆਂ ਦਵਾਈਆਂ/ਪਦਾਰਥਾਂ ਬਾਰੇ ਤੱਥਾਂ ਅਧਾਰਤ ਜਾਣਕਾਰੀ ਅਤੇ ਗਿਆਨ ਮੁਹੱਈਆ ਕਰਨਾ।
- ਅਜਿਹੇ ਨਿੱਜੀ, ਸਮਾਜਿਕ ਅਤੇ ਨੈਤਿਕ ਹੁਨਰ ਸਥਾਪਤ ਅਤੇ ਵਿਕਸਿਤ ਕਰਨਾ ਜੋ ਕਿਸੇ ਨੌਜਵਾਨ ਵਿਅਕਤੀ ਨੂੰ ਸਕਾਰਾਤਮਕ, ਸੂਚਿਤ ਫੈਸਲੇ ਲੈਣ ਲਈ ਯੋਗ ਬਣਾਉਣ।

ਦੋਵੇਂ ਆਪਸ ਵਿੱਚ ਗੁੰਦੇ ਹੋਏ ਅਤੇ ਪਰਸਪਰ ਸਹਾਇਕ ਹਨ।

ਕਨੂੰਨੀ ਵਿਧਾਨ

ਨਸ਼ੀਲੀਆਂ ਦਵਾਈਆਂ ਦੀ ਕੁਵਰਤੋਂ ਸਬੰਧੀ ਕਨੂੰਨ (1971) (The Misuse of Drugs Act (1971) ਅਤੇ ਹੋਰ ਸਬੰਧਤ ਕਨੂੰਨ ਵਿੱਚ ਨਿਰਧਾਰਤ ਕੀਤੀਆਂ ਕਨੂੰਨੀ ਜ਼ਰੂਰਤਾਂ ਦੀ ਪਾਲਣਾ ਕਰਨਾ ਇਸ ਸਕੂਲ ਦੀ ਨੀਤੀ ਹੈ।
ਲੋੜਾਂ ਨੂੰ ਪੂਰਾ ਕਰਦੇ ਸਮੇਂ ਅਸੀਂ ਆਪਣੇ ਸਕੂਲ ਦੀ ਵਿਵਰਣ-ਪੁਸਤਕਾ (ਪ੍ਰੋਸਪੈਕਟੱਸ) ਵਿੱਚ ਪਦਾਰਥਾਂ/ਨਸ਼ੀਲੀਆਂ ਵਸਤਾਂ ਦੀ ਕੁਵਰਤੋਂ ਬਾਰੇ ਆਪਣੀ ਸਿੱਖਿਆ ਨੀਤੀ ਦੇ ਸਬੰਧਤ ਭਾਗ ਪ੍ਰਕਾਸ਼ਤ ਕਰਾਂਗੇ। ਨੀਤੀ ਦੀ ਕਾਪੀ ਸਕੂਲ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

ਸਮੁੱਚੇ ਸਕੂਲ ਦਾ ਦ੍ਰਿਸ਼ਟੀਕੋਣ

ਇਹ ਇਸ ਸਕੂਲ ਦਾ ਨਜ਼ਰੀਆ ਹੈ ਕਿ ਨਸ਼ੀਲੀਆਂ ਵਸਤਾਂ/ਪਦਾਰਥਾਂ ਦੀ ਕੁਵਰਤੋਂ ਸਬੰਧੀ ਸਿੱਖਿਆ ਅਲਹਿਦਗੀ ਵਿੱਚ ਨਹੀਂ ਪੜ੍ਹਾਈ ਜਾਣੀ ਚਾਹੀਦੀ, ਬਲਕਿ ਸਾਡੇ ਨਿੱਜੀ ਵਿਕਾਸ ਪ੍ਰੋਗਰਾਮ (Personal Development Programme) ਦੇ ਇੱਕ ਅਟੁੱਟ ਹਿੱਸੇ ਵਜੋਂ ਹੋਣੀ ਚਾਹੀਦੀ ਹੈ। ਇਸ ਵਿੱਚ ਅਜਿਹੀਆਂ ਕਦਰਾਂ-ਕੀਮਤਾਂ ਅਤੇ ਹੁਨਰਾਂ ਦਾ ਸਮੂਹ ਵਿਕਸਿਤ ਕਰਨਾ ਸ਼ਾਮਲ ਹੈ ਜੋ ਸਰੀਰਕ ਰੂਪ ਵਿੱਚ, ਬੌਧਕ ਰੂਪ ਵਿੱਚ, ਭਾਵਨਾਤਮਕ ਰੂਪ ਵਿੱਚ ਅਤੇ ਆਤਮਕ ਰੂਪ ਵਿੱਚ ਸੰਪੂਰਨ 'ਨਰੋਏ' ਵਿਦਿਆਰਥੀ ਤਿਆਰ ਕਰਨ ਵਿੱਚ ਸਹਾਇਤਾ ਕਰਨਗੇ। ਉਪਰੋਕਤ ਬਿਆਨ ਕੀਤੇ ਗਏ ਟੀਚੇ ਪੜ੍ਹਾਏ ਜਾਂਦੇ ਪਾਠਕ੍ਰਮ, ਗੈਰ-ਰਸਮੀ ਪਾਠਕ੍ਰਮ ਵਿੱਚ ਵਿਦਿਆਰਥੀਆਂ ਦੇ ਤਜਰਬਿਆਂ ਅਤੇ ਪਾਠਕ੍ਰਮ ਤੋਂ ਇਲਾਵਾ ਹੋਰਨਾਂ ਗਤੀਵਿਧੀਆਂ ਵਿੱਚ ਮੌਕਿਆਂ ਰਾਹੀਂ ਪੂਰੇ ਕੀਤੇ ਜਾਂਦੇ ਹਨ।

ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ

ਪਦਾਰਥ ਸਬੰਧੀ ਮੁੱਦੇ ਪ੍ਰਤੀ ਪ੍ਰਤਿਕਿਰਿਆ ਇਸ ਸਕੂਲ ਦੇ ਅੰਦਰ ਸਿਰਫ਼ ਅਧਿਆਪਨ ਸਟਾਫ਼ ਦੀ ਹੀ ਜ਼ਿੰਮੇਵਾਰੀ ਨਹੀਂ ਹੈ। ਅਸੀਂ ਨਸ਼ੀਲੀਆਂ ਵਸਤਾਂ/ਪਦਾਰਥਾਂ ਦੀ ਕੁਵਰਤੋਂ ਨਾਲ ਸਬੰਧਤ ਸਾਰੇ ਮੁੱਦਿਆਂ ਨਾਲ ਨਜਿੱਠਣ ਲਈ ਬਹੁ-ਵਿਸ਼ਾ ਖੇਤਰੀ ਦ੍ਰਿਸ਼ਟੀਕੋਣ ਦੀ ਵਰਤੋਂ ਕਰਦੇ ਹਾਂ। ਇਸ ਵਿੱਚ ਸ਼ਾਮਲ ਹਨ :

- ਬੋਰਡ ਆਫ਼ ਗਵਰਨਰਜ਼
- ਮਨੋਨੀਤ ਕੀਤੇ ਹੋਏ ਡ੍ਰੱਗਜ਼ ਆਫ਼ਿਸਰ
- ਵਿਅਕਤੀਗਤ ਵਿਕਾਸ ਪਾਠਕ੍ਰਮ ਕੋਆਰਡੀਨੇਟਰ (Personal Development Curriculum Co-ordinator)
- ਬਾਲ ਸੁਰੱਖਿਆ ਅਧਿਕਾਰੀ (Child Protection Officer)
- ਸਟਾਫ਼ ਦੇ ਸਾਰੇ ਸਦੱਸ
- ਬਾਹਰੀ ਏਜੰਸੀਆਂ

ਪਦਾਰਥਾਂ ਦੀ ਕੁਵਰਤੋਂ ਅਤੇ ਸਬੰਧਤ ਘਟਨਾਵਾਂ 'ਤੇ ਪ੍ਰਤਿਕਿਰਿਆ ਕਰਨਾ (ਅੰਤਿਕਾ C,D,E ਅਤੇ F ਦਾ ਹਵਾਲਾ ਲਓ)

ਕੋਈ ਘਟਨਾ ਵਾਪਰਨ ਦੀ ਅਸੰਭਾਵੀ ਸਥਿਤੀ ਵਿੱਚ ਅਸੀਂ ਪਦਾਰਥਾਂ ਦੀ ਕੁਵਰਤੋਂ ਸਬੰਧੀ ਫਲੋਚਾਰਟ (**ਅੰਤਿਕਾ A**) ਵਿੱਚ ਬਿਆਨ ਕੀਤੇ ਵਿਹਾਰਾਂ ਅਤੇ ਕਾਰਜ ਵਿਧੀਆਂ ਦੀ ਪਾਲਣਾ ਕਰਾਂਗੇ। ਇਸ ਤੋਂ ਇਲਾਵਾ, ਮਾਪਿਆਂ/ਸਰਪਰਸਤਾਂ ਨੂੰ ਫੌਰਨ ਸੂਚਿਤ ਕੀਤਾ ਜਾਵੇਗਾ ਅਤੇ ਉਸੇ ਤਰ੍ਹਾਂ ਬੋਰਡ ਆਫ ਗਵਰਨਰਜ਼ ਅਤੇ CSIO PSNI ਆਫ਼ਿਸਰ ਨੂੰ, ਤਾਂ ਕਿ ਗੈਰਕਨੂੰਨੀ ਪਦਾਰਥਾਂ ਦੀ ਜੜ੍ਹ, ਅਤੇ ਸੰਭਾਵਤ ਤਸਕਰੀ ਦੀਆਂ ਜਾਂਚਾਂ ਜਲਦੀ ਕਰਾਈਆਂ ਜਾ ਸਕਣ।

ਇਹਨਾਂ ਮਾਮਲਿਆਂ ਵਿੱਚ ਸਾਡੀ ਨੀਤੀ ਸਬੰਧਤ ਵਿਦਿਆਰਥੀ, ਉਹਨਾਂ ਦੇ ਪਰਿਵਾਰਾਂ ਅਤੇ ਸਾਡੇ ਸਕੂਲ ਦੇ ਅਧਿਕਾਰਾਂ ਦੀ ਰੱਖਿਆ ਕਰਨ ਦੀ ਲੋੜ ਨੂੰ ਧਿਆਨ ਵਿੱਚ ਰੱਖਦੇ ਹੋਏ ਅਤਿਅੰਤ ਸਿਆਣਪ ਅਤੇ ਸੰਵੇਦਨਸ਼ੀਲਤਾ ਨਾਲ ਅੱਗੇ ਵੱਧਣਾ ਹੈ। ਹਾਲਾਂਕਿ, ਸਾਡੇ ਵਿਦਿਆਰਥੀਆਂ ਨੂੰ ਇਹ ਸਪਸ਼ਟ ਕੀਤਾ ਜਾਵੇਗਾ ਕਿ ਜੇ ਉਹ ਕਿਸੇ ਕਰਮਚਾਰੀ ਨੂੰ ਇਹ ਪ੍ਰਗਟਾਅ ਕਰਦਾ/ਕਰਦੀ ਹੈ ਕਿ ਉਹ ਨਸ਼ੀਲੀਆਂ ਦਵਾਈਆਂ ਲੈ ਰਿਹਾ/ਰਹੀ ਹੈ ਤਾਂ ਭੇਤਦਾਰੀ ਦੀ ਕੋਈ ਗਾਰੰਟੀ ਨਹੀਂ ਦਿੱਤੀ ਜਾ ਸਕਦੀ। ਪਦਾਰਥਾਂ ਦੀ ਕੁਵਰਤੋਂ ਦੀ ਗੰਭੀਰਤਾ ਦੇ ਕਾਰਨ, ਕੋਈ ਵੀ ਘਟਨਾਵਾਂ/ਜਾਣਕਾਰੀ ਬਾਰੇ ਲਾਜ਼ਮੀ ਤੌਰ 'ਤੇ ਮਨੋਨੀਤ ਅਧਿਆਪਕ ਨੂੰ ਸੂਚਿਤ ਕੀਤਾ ਜਾਣਾ ਚਾਹੀਦਾ ਹੈ ਜੋ ਇਹ ਯਕੀਨੀ ਬਣਾਏਗਾ ਕਿ ਉਸ ਵਿਦਿਆਰਥੀ ਦੀ ਰੱਖਿਆ ਕਰਨ ਲਈ ਢੁੱਕਵੀਂ ਕਾਰਵਾਈ ਕੀਤੀ ਜਾਵੇ।

ਕੀਤੀਆਂ ਜਾਣ ਵਾਲੀਆਂ ਕਾਰਵਾਈਆਂ :

ਪ੍ਰਭਾਵ ਹੇਠ ਵਿਦਿਆਰਥੀ – ਵਿਦਿਆਰਥੀ ਅਤੇ ਹੋਰਨਾਂ ਦੀ ਫੌਰੀ ਸੁਰੱਖਿਆ ਨੂੰ ਯਕੀਨੀ ਬਣਾਓ, ਅਤੇ ਜੇ ਅਤੇ ਜਦੋਂ ਵੀ ਲੋੜ ਹੋਵੇ ਮੁੱਢਲੀ ਸਹਾਇਤਾ ਦਿਓ। ਫੇਰ ਮਨੋਨੀਤ ਅਧਿਆਪਕ/ਪ੍ਰਿੰਸੀਪਲ ਨੂੰ ਸੂਚਿਤ ਕੀਤਾ ਜਾਣਾ ਚਾਹੀਦਾ ਹੈ, ਅਤੇ ਫੇਰ ਮਾਪਿਆਂ ਨੂੰ। ਇਸ ਪੜਾਅ 'ਤੇ CSIO ਅਤੇ EWO ਦੋਹਾਂ ਨੂੰ ਹੀ ਸੂਚਿਤ ਕੀਤਾ ਜਾਣਾ ਚਾਹੀਦਾ ਹੈ।

ਸ਼ੱਕੀ/ਆਪਣੇ ਕੋਲ ਕੋਈ ਪਦਾਰਥ ਰੱਖਣ ਵਾਲਾ ਵਿਦਿਆਰਥੀ – ਵਿਦਿਆਰਥੀ ਨੂੰ ਪਦਾਰਥ ਸੌਂਪ ਦੇਣ ਲਈ ਕਿਹਾ ਜਾਵੇਗਾ, ਜਿਸ ਪਿਛੋਂ ਇਸਨੂੰ ਪਹੁੰਚ ਤੋਂ ਬਾਹਰ ਰੱਖਿਆ ਜਾਵੇਗਾ ਜਦੋਂ ਤੱਕ ਇਸਨੂੰ CSIO ਵਸੂਲ ਨਾ ਕਰ ਲਵੇ। ਪਾਲਣਾ ਕਰਨ ਤੋਂ ਮਨ੍ਹਾਂ ਕਰਨ 'ਤੇ, ਵਿਦਿਆਰਥੀ ਨੂੰ ਨਿਗਰਾਨੀ ਹੇਠ ਮਨੋਨੀਤ ਅਧਿਆਪਕ/ਪ੍ਰਿੰਸੀਪਲ ਕੋਲ ਲਿਜਾਇਆ ਜਾਵੇਗਾ ਜੋ ਅੱਗੋਂ ਬੇਨਤੀ ਕਰੇਗਾ। ਵਿਦਿਆਰਥੀ ਵੱਲੋਂ ਕਿਸੇ ਜ਼ਿੰਮੇਵਾਰ ਸਿਆਣੇ ਵਿਅਕਤੀ ਦੇ ਮਨੋਨੀਤ ਅਧਿਆਪਕ/ਪ੍ਰਿੰਸੀਪਲ ਕੋਲ ਜਾਣ ਤੋਂ ਇਨਕਾਰ ਕਰਨ 'ਤੇ, ਪ੍ਰਿੰਸੀਪਲ ਨੂੰ ਵਿਦਿਆਰਥੀ ਕੋਲ ਭੇਜਿਆ ਜਾਵੇਗਾ ਅਤੇ ਉਦੋਂ ਤੱਕ ਸਿਆਣਾ ਵਿਅਕਤੀ ਵਿਦਿਆਰਥੀ ਦੇ ਨੇੜੇ ਰਹੇਗਾ।

ਵਿਦਿਆਰਥੀ ਨਾਲ ਨਜਿੱਠਣਾ – ਮਨੋਨੀਤ ਵਿਅਕਤੀ/ਪ੍ਰਿੰਸੀਪਲ ਨੂੰ ਫੌਰੀ ਤੌਰ 'ਤੇ ਸੂਚਿਤ ਕੀਤਾ ਜਾਣਾ ਚਾਹੀਦਾ ਹੈ ਜਿਸ ਪਿਛੋਂ CSIO ਨੂੰ ਸੰਪਰਕ ਕੀਤਾ ਜਾਵੇਗਾ।

ਮੀਡੀਆ
ਮੁੱਖ ਅਧਿਆਪਕ ਮੀਡੀਆ ਨਾਲ ਤਾਲਮੇਲ ਲਈ ਜ਼ਿੰਮੇਵਾਰੀ ਲਏਗਾ।

ਰਿਕਾਰਡਿੰਗ ਅਤੇ ਰੈਫ਼ਰਲ

ਜਾਣਕਾਰੀ ਨੂੰ ਦਰਜ ਕਰਨ ਅਤੇ, SELB ਤੇ ਜਿੱਥੇ ਵੀ ਇੰਪਲੋਇੰਗ ਅਥਾਰਿਟੀ ਹੋਵੇ, ਉਥੇ ਦੋਹਾਂ ਨੂੰ ਜਾਣਕਾਰੀ ਦਾ ਹਵਾਲਾ ਦੇਣ ਲਈ ਅੰਤਿਕਾ D, E ਅਤੇ F ਦੀ ਵਰਤੋਂ ਕੀਤੀ ਜਾਵੇਗੀ।

ਬਾਹਰੀ ਏਜੰਸੀਆਂ ਦਾ ਇੰਤਜ਼ਾਮ ਕਰਨਾ (ਅੰਤਿਕਾ A ਅਤੇ B ਦਾ ਹਵਾਲਾ ਲਓ)

ਅਸੀਂ ਇਹ ਯਕੀਨੀ ਬਣਾਉਣ ਦੀ ਮਹੱਤਤਾ ਨੂੰ ਮੰਨਦੇ ਹਾਂ ਕਿ ਨੌਜਵਾਨਾਂ ਨਾਲ ਸਾਡੇ ਕੰਮ ਵਿੱਚ ਮਦਦ ਕਰਨ ਲਈ ਵਰਤੀਆਂ ਜਾਂਦੀਆਂ ਕੋਈ ਵੀ ਬਾਹਰਲੀਆਂ ਏਜੰਸੀਆਂ ਲਾਜ਼ਮੀ ਤੌਰ 'ਤੇ ਸਾਡੇ ਸਕੂਲ ਦੀਆਂ ਕਦਰਾਂ-ਕੀਮਤਾਂ ਅਤੇ ਨੈਤਿਕ ਮੁੱਲਾਂ ਦੀ ਪਾਲਣਾ ਕਰਨ। ਸਕੂਲਾਂ ਨੂੰ ਸਾਰੀਆਂ ਸਹਾਇਕ ਧਿਰਾਂ ਰਾਹੀਂ ਸਹਿਮਤ ਪ੍ਰਾਪਤ ਇਕਰਾਰਨਾਮੇ ਦੇ ਮਹੱਤਵ ਤੋਂ ਜਾਣੂੰ ਹੋਣ ਦੀ ਲੋੜ ਹੈ।

ਸਕੂਲ ਵਿੱਚ ਸੁਰੱਖਿਆ

ਸਕੂਲ ਵਿੱਚ ਕਈ ਯੋਗਤਾ ਪ੍ਰਾਪਤ ਮੁੱਢਲੇ ਸਹਾਇਕ ਹਨ, ਜਿਹਨਾਂ ਬਾਰੇ ਸਾਰੇ ਸਟਾਫ਼ ਨੂੰ ਪਤਾ ਹੈ ਅਤੇ ਇਹਨਾਂ ਤੱਕ ਸੌਖਿਆਂ ਪਹੁੰਚਿਆ ਜਾ ਸਕਦਾ ਹੈ।

ਸਾਰੇ ਪਦਾਰਥਾਂ ਅਤੇ ਇਹਨਾਂ ਨਾਲ ਜੁੜਿਆ ਸਾਜ਼-ਸਮਾਨ ਵਸੂਲ ਕੀਤਾ ਜਾਵੇਗਾ, ਇਸਨੂੰ ਪਹੁੰਚ ਤੋਂ ਦੂਰ ਰੱਖਿਆ ਜਾਵੇਗਾ ਅਤੇ PSNI ਤੋਂ CSIO ਦੇ ਸਪੁਰਦ ਕੀਤਾ ਜਾਵੇਗਾ।

ਤਜਵੀਜ਼ ਕੀਤੀਆਂ ਦਵਾਈਆਂ ਅਤੇ ਕਾਊਂਟਰ ਤੋਂ ਬਿਨਾਂ ਤਜਵੀਜ਼ ਮਿਲਣ ਵਾਲੀ ਦਵਾਈਆਂ ਸਕੂਲ ਦੇ ਸਮੇਂ ਦੌਰਾਨ ਦਿੱਤੇ ਜਾਣ ਅਤੇ ਉਹਨਾਂ ਦੀ ਸੁਰੱਖਿਅਤ ਸੰਭਾਲ ਬਾਰੇ ਮਾਪਿਆਂ ਨਾਲ ਗੱਲਬਾਤ ਕਰਨ ਲਈ ਨੀਤੀਆਂ ਅਤੇ ਕਾਰਜ ਪ੍ਰਣਾਲੀਆਂ ਮੌਜੂਦ ਹਨ।

ਸਟਾਫ਼ ਦਾ ਵਿਕਾਸ

ਅਸੀਂ ਨਸ਼ੀਲੀਆਂ ਦਵਾਈਆਂ/ਪਦਾਰਥਾਂ ਦੀ ਕੁਵਰਤੋਂ ਸਬੰਧਤ ਮੁੱਦਿਆਂ ਬਾਰੇ ਆਪਣੇ ਸਟਾਫ ਨੂੰ ਨਿਯਮਤ ਰੂਪ ਵਿੱਚ ਤਾਜ਼ਾ ਜਾਣਕਾਰੀ ਅਤੇ ਸਿਖਲਾਈ ਦਿੰਦੇ ਹਾਂ।

ਸਕੂਲ ਦੀਆਂ ਸਬੰਧਤ ਨੀਤੀਆਂ

ਇਹ ਨੀਤੀ ਪੈਸਟੋਰਲ ਦੇਖਭਾਲ (Pastoral Care) ਦੇ ਵਿਸਤ੍ਰਿਤ ਸਕੂਲ ਸੰਦਰਭ ਦੇ ਅੰਦਰ ਤਿਆਰ ਕੀਤੀ ਗਈ ਹੈ ਅਤੇ ਆਪਣੇ ਆਪ ਵਿੱਚ ਇਸਨੂੰ ਸਕੂਲ ਦੀਆਂ ਹੇਠਾਂ ਦਿੱਤੀਆਂ ਨੀਤੀਆਂ ਦੇ ਸੰਦਰਭ ਵਿੱਚ ਪੜ੍ਹਿਆ ਜਾਣਾ ਚਾਹੀਦਾ ਹੈ:

- ਪੈਸਟੋਰਲ ਦੇਖਭਾਲ ਨੀਤੀ
- ਵਿਅਕਤੀਗਤ ਵਿਕਾਸ ਪਾਠਕ੍ਰਮ ਨੀਤੀ
- ਬਾਲ ਸੁਰੱਖਿਆ ਨੀਤੀ
- ਨਸ਼ੀਲੀਆਂ ਦਵਾਈਆਂ/ਪਦਾਰਥਾਂ ਦੀ ਕੁਰਵਰਤੋਂ ਬਾਰੇ ਨੀਤੀ
- ਵਤੀਰਾ ਪ੍ਰਬੰਧਨ ਨੀਤੀ
- ਮੁੱਢਲੀ ਸਹਾਇਤਾ ਨੀਤੀ
- ਦਵਾਈ ਦੇਣ ਅਤੇ ਇਸਦੀ ਸਾਂਭ-ਸੰਭਾਲ ਬਾਰੇ ਨੀਤੀ

ਨਿਗਰਾਨੀ, ਸਮੀਖਿਆ ਅਤੇ ਮੁਲਾਂਕਣ ਕਰਨਾ

ਬਦਲਦੇ ਹਾਲਾਤ ਅਤੇ ਰੁਝਾਨਾਂ 'ਤੇ ਵਿਚਾਰ ਕਰਨ ਲਈ ਨਸ਼ੀਲੀਆਂ ਦਵਾਈਆਂ/ਪਦਾਰਥਾਂ ਦੀ ਕੁਵਰਤੋਂ ਬਾਰੇ ਸਾਡੀ ਨੀਤੀ ਦੀ ਸਮੇਂ ਸਮੇਂ 'ਤੇ ਸਮੀਖਿਆ ਕੀਤੀ ਜਾਵੇਗੀ। ਮੁਲਾਂਕਣ ਵਿੱਚ ਦੋ ਖੇਤਰ ਸ਼ਾਮਲ ਹੋਣਗੇ:

- ਪਦਾਰਥਾਂ ਦੀ ਕੁਵਰਤੋਂ ਦੇ ਲਾਲਚ ਦਾ ਵਿਰੋਧ ਕਰਨ ਵਿੱਚ ਵਿਦਿਆਰਥੀਆਂ ਦੀ ਸਹਾਇਤਾ ਕਰਨ ਵਿੱਚ ਨੀਤੀ ਦੀ ਪ੍ਰਭਾਵਕਤਾ।
- ਪਦਾਰਥਾਂ ਸਬੰਧੀ ਘਟਨਾਵਾਂ ਨਾਲ ਨਜਿੱਠਣ ਲਈ ਮੌਜੂਦ ਕਾਰਜ ਵਿਧੀਆਂ ਅਤੇ ਵਿਹਾਰਾਂ ਦੀ ਪ੍ਰਭਾਵਕਤਾ।

ਇੱਛਤ ਨਤੀਜੇ ਲਈ ਅਸੀਂ DE ਦਸਤਾਵੇਜ਼ 'ਟੂਗੈਦਰ ਟੁਵਰਡਜ਼ ਇੰਪਰੂਵਮੈਂਟ' ('Together Towards improvement') ਵਿੱਚ ਉਲੀਕੀਆਂ ਗਈਆਂ ਸਵੈ-ਮੁਲਾਂਕਣ ਦੀਆਂ ਕਾਰਜ ਵਿਧੀਆਂ ਦੀ ਪਾਲਣਾ ਕਰਦੇ ਹਾਂ